# ਪੰਜਾਬ ਵਿਧਾਨ ਸਭਾ ਸਕੱਤਰੇਤ

## ਸ਼ੁੱਕਰਵਾਰ, ਮਿਤੀ 24 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

### ਆਵਾਰਾ ਪਸ਼ੂਆਂ ਲਈ ਕੋਈ ਨਵੀਂ ਪਾਲਿਸੀ ਬਣਾਉਣਾ

1. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਵਾਰਾ ਪਸ਼ੂ ਕਿਸਾਨਾਂ ਦੀਆਂ ਫਸਲਾਂ ਨੂੰ ਉਜਾੜਨ ਅਤੇ ਸੜਕੀ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਅਵਾਰਾ ਪਸ਼ੂਆਂ ਲਈ ਸਰਕਾਰ ਦੀ ਕੋਈ ਨਵੀਂ ਪਾਲਿਸੀ ਬਣਾਉਣ ਦੀ ਤਜਵੀਜ਼ ਹੈ?

### ਕੂੜੇ ਦੇ ਡੰਪ ਨੂੰ ਹਟਾਉਣਾ

2. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਦੀਆਂ ਪੁਰਾਣੇ ਪ੍ਰਾਚੀਨ ਸ਼ਿਵ ਮੰਦਿਰ, ਪਾਇਲ, ਜ਼ਿਲ੍ਹਾ ਲੁਧਿਆਣਾ ਦੇ ਨਜ਼ਦੀਕ ਕੂੜੇ ਦਾ ਡੰਪ ਹੈ; ਜੇਕਰ ਅਜਿਹਾ ਹੋਵੇਂ ਤਾਂ ਇਸ ਨੂੰ ਕਦੋਂ ਤੱਕ ਉਥੋਂ ਸ਼ਿਫਟ ਜਾਂ ਹਟਾ ਦਿੱਤਾ ਜਾਵੇਗਾ?

### ਬੁਢਲਾਡਾ ਦੇ ਪਿੰਡਾਂ ਦੇ ਬੰਦ ਪਏ ਆਰ.ਓ. ਸਿਸਟਮ ਦੁਬਾਰਾ ਚਾਲੂ ਕਰਨਾ

3. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਸਬ–ਡਵੀਜ਼ਨ ਬੁਢਲਾਡਾ ਵਿੱਚ (ਪਿੰਡਾਂ ਵਿੱਚ) ਪੀਣ ਵਾਲੇ ਪਾਣੀ ਲਈ ਲਗਾਏ ਗਏ ਆਰ.ਓ. ਸਿਸਟਮ ਲਗਭਗ ਬੰਦ ਪਏ ਹਨ; ਜੇਕਰ ਅਜਿਹਾ ਹੋਵੇਂ ਤਾਂ ਸਰਕਾਰ ਕਦੋਂ ਤੱਕ ਇਹਨਾਂ ਬੰਦ ਪਏ ਜਾਂ ਮੁਰੰਮਤ ਯੋਗ ਆਰ.ਓ. ਸਿਸਟਮ ਨੂੰ ਮੁੜ ਦੁਬਾਰਾ ਚਲਾਉਣ ਦਾ ਕੋਈ ਪ੍ਰਬੰਧ ਕਰਨ ਦਾ ਵਿਚਾਰ ਰੱਖਦੀ ਹੈ;

**ਅ)** ਕੀ ਇਹ ਠੀਕ ਹੈ ਕਿ ਸਬ–ਡਵੀਜ਼ਨ ਬੁਢਲਾਡਾ ਦੇ ਪਿੰਡਾਂ ਵਿੱਚ ਸਥਾਪਤ ਕੀਤੇ ਗਏ ਵਾਟਰ ਵਰਕਸ ਦੀ ਵੱਡੇ ਪੱਧਰ ਤੇ ਮੁਰੰਮਤ ਕਰਵਾਉਣੀ ਬਣਦੀ ਹੈ ਕਿਉਂਕਿ ਮਸ਼ੀਨਰੀ ਅਤੇ ਪਾਣੀ ਦੇ ਟੈਂਕ ਪੁਰਾਣੇ ਹੋ ਗਏ ਹਨ ਅਤੇ ਮੁਲਾਜਮਾਂ ਦੀ ਵੀ ਵੱਡੇ ਪੱਧਰ ਤੇ ਵਾਟਰ ਵਰਕਸ ਚਲਾਉਣ ਲਈ ਘਾਟ ਹੈ;

**ੲ)** ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਹੋਵੇਂ ਤਾਂ ਸਰਕਾਰ ਇਹਨਾ ਪੇਂਡੂ ਵਾਟਰ ਵਰਕਸਾਂ ਤੋਂ ਲੋਕਾਂ ਨੂੰ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਅਤੇ ਉਪਰੋਕਤ ਮੁਸ਼ਕਲਾਂ/ਕਮੀਆਂ ਦੂਰ ਕਰਨ ਦਾ ਕੋਈ ਵਿਚਾਰ ਰੱਖਦੀ ਹੈ?

### ਸਬ ਡਵੀਜ਼ਨ ਬੁਢਲਾਡਾ ਦੀਆਂ ਚਾਰ ਡਰੇਨਾਂ ਤੇ ਪੁੱਲ ਬਣਾਉਣਾ

4. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ–ਡਵੀਜ਼ਨ ਬੁਢਲਾਡਾ ਵਿੱਚ ਚਾਰ ਡਰੇਨਾਂ ਦੇ ਪੁੱਲ 1. ਗੁਰਨੇ ਖੁਰਦ 2. ਹਸਨਪੁਰ ਵਿਚਕਾਰ 3. ਅੱਕਾਂਵਾਲੀ 4. ਫਰੀਦੇ ਕੇ ਅਤੇ ਲੱਧੂਵਾਸ ਵਿਚਕਾਰ 5. ਬਹਾਦਰਪੁਰ ਕੋਲ ਲਿੰਕ ਡਰੇਨ ਤੇ ਬਣਾਉਣਾ ਅਤਿ ਜ਼ਰੂਰੀ ਹਨ, ਜਿਸ ਨਾਲ ਵਰਖਾ ਦਾ ਵਾਧੂ ਪਾਣੀ ਅੱਗੇ ਲੰਘ ਸਕੇ; ਜੇਕਰ ਅਜਿਹਾ ਹੋਵੇਂ ਤਾਂ ਸਰਕਾਰ ਕਦੋਂ ਤੱਕ ਇਹ ਚਾਰੋਂ ਪੁੱਲ ਬਣਾਉਣ ਦਾ ਵਿਚਾਰ ਰੱਖਦੀ ਹੈ?

### ਜ਼ਿਲ੍ਹਾ ਗੁਰਦਾਸਪੁਰ ਵਿੱਚ 1 ਜਨਵਰੀ 2019 ਤੋਂ ਹੁਣ ਤੱਕ ਦਰਜ ਕੀਤੇ ਕੇਸਾਂ ਦੇ ਵੇਰਵੇ

17. **ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਜ਼ਿਲ੍ਹਾ ਗੁਰਦਾਸਪੁਰ ਵਿੱਚ 1 ਜਨਵਰੀ, 2019 ਤੋਂ ਹੁੱਣ ਤੱਕ ਦਰਜ ਕੀਤੇ ਕੇਸ ਜਿਨ੍ਹਾਂ ਦੇ ਨਿਰਧਾਰਿਤ ਸਮਾਂ ਬੀਤ ਜਾਣ ਤੋਂ ਬਾਅਦ ਵੀ ਅਦਾਲਤਾਂ ਵਿੱਚ ਚਲਾਨ ਪੇਸ਼ ਨਹੀਂ ਕੀਤੇ ਗਏ ਹਨ ਅਤੇ ਜਿਨ੍ਹਾਂ ਦੇ ਨਿਰਧਾਰਿਤ ਸਮਾਂ ਬੀਤ ਜਾਣ ਤੋਂ ਬਾਅਦ ਅਦਾਲਤਾਂ ਵਿੱਚ ਚਲਾਨ ਪੇਸ਼ ਕੀਤੇ ਗਏ ਹਨ, ਉਹਨਾਂ ਦੀ ਵੱਖ–ਵੱਖ ਗਿਣਤੀ ਅਤੇ ਵੇਰਵੇ ਕੀ ਹਨ;

**ਅ)** ਉਪਰੋਕਤ ਭਾਗ (ੳ) ਵਿੱਚ ਦਰਜ ਚਲਾਨਾਂ ਨੂੰ ਫਾਈਲ ਕਰਨ ਵਿੱਚ ਹੋਈ ਦੇਰੀ ਲਈ ਜਿੰਮੇਵਾਰੀ ਅਧਿਕਾਰੀਆਂ ਦੇ ਵੇਰਵੇ ਕੀ ਹਨ ਅਤੇ ਸਰਕਾਰ ਦੁਆਰਾ ਉਹਨਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ?

### ਅਖਤਿਆਰੀ ਗ੍ਰਾਂਟ ਅਧੀਨ ਮੰਨਜੂਰ ਕੀਤੇ ਫੰਡ ਲਾਭਪਾਤਰੀਆਂ ਨੂੰ ਜਾਰੀ ਕਰਨ ਦੇ ਵੇਰਵੇ

18. **ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:–** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਸਰਕਾਰ ਨੇ ਸਮਰੱਥ ਅਥਾਰਟੀਜ਼ ਅਰਥਾਤ ਮੁੱਖ ਮੰਤਰੀ ਅਤੇ ਮੰਤਰੀਆਂ ਦੁਆਰਾ ਪਿਛਲੀ ਸਰਕਾਰ ਦੇ ਦੌਰਾਨ ਅਖਤਿਆਰੀ ਗ੍ਰਾਂਟ ਅਧੀਨ ਮੰਨਜੂਰ ਕੀਤੇ ਫੰਡ ਲਾਭਪਾਤਰੀਆ ਨੂੰ ਜਾਰੀ ਕਰ ਦਿੱਤੇ ਹਨ;

**ਅ)** ਜੇਕਰ ਭਾਗ (ੳ) ਦਾ ਉੱਤਰ ਨਾਂਹ ਵਿੱਚ ਹੋਵੇ ਤਾਂ ਅਜਿਹੀਆਂ ਗ੍ਰਾਂਟਾਂ ਦੇ ਵੇਰਵੇ ਕੀ ਹਨ?

ਪਰਤੋਂ ਜੀ.....

**ਮਾਰਚ 2022 ਤੋਂ ਹੁਣ ਤੱਕ NDPS ਐਕਟ ਦੇ ਅਧੀਨ ਦਰਜ਼ ਕੀਤੇ ਕੇਸਾਂ ਦੇ ਵੇਰਵੇ**

20. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਮਾਰਚ, 2022 ਤੋਂ ਹੁਣ ਤੱਕ ਐਨ.ਡੀ.ਪੀ.ਐਸ. ਐਕਟ ਦੇ ਅਧੀਨ ਦਰਜ ਕੀਤੇ ਕੇਸਾਂ ਦੀ ਜ਼ਿਲ੍ਹਾ ਵਾਰ ਗਿਣਤੀ ਅਤੇ ਵੇਰਵੇ ਕੀ ਹਨ;

**ਅ)** ਸਰਕਾਰ ਵੱਲੋਂ ਉਪਰੋਕਤ ਭਾਗ (ੳ) ਵਿੱਚ ਵਰਣਿਤ ਕੇਸਾਂ ਦੀ ਜਾਂਚ-ਪੜਤਾਲ ਲਈ ਚੁੱਕੇ ਗਏ ਕਦਮ ਕੀ ਹਨ ਅਤੇ ਹਰ ਕੇਸ ਦੀ ਵਖੋ-ਵੱਖਰੀ ਮੌਜੂਦਾ ਸਥਿਤੀ ਕੀ ਹੈ;

**ੲ)** ਉਪਰੋਕਤ ਕੇਸਾਂ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਨਾਂ ਅਤੇ ਉਨ੍ਹਾਂ ਦੀ ਜਾਂਚ-ਪੜਤਾਲ ਦੀ ਮੌਜੂਦਾ ਸਥਿਤੀ ਕੀ ਹੈ?

**ਪੰਜਾਬ ਦੀਆਂ ਨਹਿਰਾਂ ਦੇ ਪਾਣੀ ਦੇ ਵੇਰਵੇ**

21. **ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੀਆਂ ਨਹਿਰਾਂ ਵਿੱਚ ਸਲਾਨਾ ਕਿੰਨ੍ਹਾਂ ਪਾਣੀ ਚੱਲ ਰਿਹਾ ਹੈ, ਵਿਭਾਗ ਕੋਲ ਕਿੰਨ੍ਹਾਂ ਪਾਣੀ ਹੈ ਅਤੇ ਸਲਾਨਾ ਪਾਣੀ ਦੀ ਕੀ ਮੰਗ ਹੈ?

**ਕਿਸਾਨਾਂ ਦੇ ਦੋ ਭਾਗਾਂ ਵਿੱਚ ਵੰਡੇ ਗਏ ਖੇਤਾਂ ਲਈ ਪਾਣੀ ਦਾ ਪ੍ਰਬੰਧ ਕਰਨਾ**

22. **ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਜਵੀਜ਼ਤ ਦਿੱਲੀ-ਕੱਟੜਾ ਰਾਸ਼ਟਰੀ ਰਾਜ ਮਾਰਗ ਬਣਨ ਨਾਲ ਕਿਸਾਨਾਂ ਦੇ ਖੇਤਾਂ ਦੀ ਦੋ ਭਾਗਾਂ ਵਿੱਚ ਵੰਡ ਹੋ ਜਾਵੇਗੀ; ਜੇਕਰ ਅਜਿਹਾ ਹੋਵੇ ਤਾਂ ਕੀ ਖੇਤਾਂ ਲਈ ਪਾਣੀ ਦੇ ਰਸਤੇ ਦਾ ਕੋਈ ਪ੍ਰਬੰਧ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼ਹੀਦ ਭਗਤ ਸਿੰਘ ਨਗਰ ਦੇ ਹਸਪਤਾਲਾਂ ਵਿੱਚ ਗਰੀਬ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਡਾਇਲਸਿਸ ਦੀ ਸੁਵਿਧਾ ਦੇਣਾ**

23. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਰਾਜ ਦੇ ਗਰੀਬ ਤੇ ਲੋੜਵੰਦ ਮਰੀਜ਼ਾਂ ਦਾ ਮੁਫ਼ਤ ਡਾਇਲਸਿਸ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਰਕਾਰ ਵੱਲੋਂ ਇਹ ਮੁਫ਼ਤ ਸੇਵਾ ਕਿਹੜੇ-ਕਿਹੜੇ ਹਸਪਤਾਲ ਵਿੱਚ ਮੁਹੱਈਆ ਕਰਵਾਈ ਜਾ ਰਹੀ ਹੈ, ਇਨ੍ਹਾਂ ਥਾਵਾਂ ਤੇ ਡਾਇਲਸਿਸ ਦੀਆਂ ਕਿੰਨੀਆਂ-ਕਿੰਨੀਆਂ ਮਸ਼ੀਨਾਂ ਹਨ ਅਤੇ ਇਨ੍ਹਾਂ ਮਸ਼ੀਨਾਂ ਵਿੱਚੋਂ ਕਿੰਨੀਆਂ ਮਸ਼ੀਨਾਂ ਚਾਲੂ ਹਾਲਤ ਵਿੱਚ ਹਨ;

**ਅ)** ਉਪਰੋਕਤ ਭਾਗ (ੳ) ਵਿੱਚ ਵਰਣਿਤ ਸੁਵਿਧਾ ਸਾਲ 2021 ਅਤੇ 2022 ਵਿੱਚ ਜ਼ਿਲ੍ਹੇ ਅੰਦਰ ਮਹੀਨਾਵਾਰ ਕਿੰਨੇ-ਕਿੰਨੇ ਮਰੀਜ਼ਾਂ ਨੂੰ ਉਪਲੱਬਧ ਕਰਵਾਈ ਗਈ?

**ਰਾਜ ਦੇ ਸਰਕਾਰੀ ਕਾਲਜਾਂ ਅਤੇ ਉਨ੍ਹਾਂ ਵਿੱਚ ਵਿਸ਼ਾ-ਵਾਰ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ**

24. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਸਰਕਾਰੀ ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਸਾਲ 2021-2022 ਲਈ ਇਹਨ੍ਹਾਂ ਦੇ ਵੇਰਵੇ ਕੀ ਹਨ;

**ਅ)** ਉੱਪਰੋਕਤ ਸਰਕਾਰੀ ਕਾਲਜਾਂ ਵਿੱਚ ਵਿਸ਼ਾ-ਵਾਰ ਮੰਨਜੂਰਸ਼ੁਦਾ ਅਤੇ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

**ੲ)** ਮੌਜੂਦਾ ਸਮੇਂ ਵਿੱਚ ਕਾਲਜ-ਵਾਰ ਅਧਿਆਪਕ ਅਤੇ ਵਿਦਿਆਰਥੀਆਂ ਦਾ ਕੀ ਅਨੁਪਾਤ ਹੈ;

**ਸ)** ਉਪਰੋਕਤ ਵਰਣਿਤ ਸਾਲ ਵਿੱਚ ਹਰੇਕ ਕਾਲਜ ਦੁਆਰਾ ਇਕੱਠਾ ਕੀਤਾ ਗਿਆ ਮਾਲੀਆ ਅਤੇ ਕੀਤੇ ਗਏ ਖਰਚੇ ਕੀ ਹਨ;

**ਹ)** ਸਰਕਾਰੀ ਖਜ਼ਾਨੇ ਵਿੱਚ ਉਪਰੋਕਤ ਸਮੇਂ ਦੇ ਦੌਰਾਨ ਸਾਰੇ ਕਾਲਜਾਂ ਨੂੰ ਗ੍ਰਾਂਟਾਂ ਦੇ ਰੂਪ ਵਿੱਚ ਕਾਲਜ ਵਾਰ ਕਿੰਨੀ ਰਾਸ਼ੀ ਦਿੱਤੀ ਗਈ?

**ਹਲਕਾ ਸੰਗਰੂਰ ਵਿੱਚ ਸੀਵਰੇਜ ਬੋਰਡ ਦੁਆਰਾ ਕੀਤੇ ਗਏ ਕੰਮਾ ਦੇ ਵੇਰਵੇ ਅਤੇ ਬੋਰਡ ਦੇ ਨਿਯਮ**

25. **ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪੰਜਾਬ ਰਾਜ ਸੀਵਰੇਜ਼ ਬੋਰਡ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਕੀ ਹੈ ਅਤੇ ਇਨ੍ਹਾਂ ਕੰਮਾਂ ਨੂੰ ਕਰਨ ਲਈ ਲਾਗੂ ਹੋਣ ਵਾਲੇ ਨਿਯਮ/ਵਿਨਿਯਮ ਜਾਂ ਉਪ ਨਿਯਮ ਅਤੇ ਕਾਨੂੰਨ ਕੀ ਹੈ;

**ਅ)** ਕੀ ਉਪਰੋਕਤ ਵਰਣਿਤ ਕੰਮਾਂ ਦੀ ਸੂਚੀ ਤੋਂ ਇਲਾਵਾ ਬੋਰਡ ਕੋਲ ਕੋਈ ਹੋਰ ਕੰਮ ਵੀ ਕਰਵਾਉਣ ਦਾ ਅਧਿਕਾਰ ਹੈ;

**ੲ)** ਪਿਛਲੇ ਤਿੰਨ ਸਾਲਾਂ ਅਰਥਾਤ 2019-20, 2020-21, 2021-22 ਦੇ ਦੌਰਾਨ ਵਿਧਾਨ ਸਭਾ ਹਲਕਾ ਸੰਗਰੂਰ ਵਿਚ ਸੀਵਰੇਜ ਬੋਰਡ ਦੁਆਰਾ ਕੀਤੇ ਗਏ ਕੰਮ ਵੇਰਵੇ ਸਹਿਤ ਦੱਸੇ ਜਾਣ?

**ਪਰਤੋਂ ਜੀ.....**

## ਮਿਉਂਸੀਪਲ ਕੌਂਸਲ ਸੰਗਰੂਰ ਅਤੇ ਭਵਾਨੀਗੜ੍ਹ ਦੁਆਰਾ ਕੀਤੇ ਗਏ ਕੰਮਾਂ ਦੇ ਵੇਰਵੇ

26. **ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਿਉਂਸੀਪਲ ਕੌਂਸਲ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਕੀ ਹੈ ਅਤੇ ਇਨ੍ਹਾਂ ਕੰਮਾਂ ਨੂੰ ਕਰਨ ਲਈ ਲਾਗੂ ਹੋਣ ਵਾਲੇ ਨਿਯਮ/ਵਿਨਿਯਮ ਜਾਂ ਉਪ ਨਿਯਮ ਅਤੇ ਕਾਨੂੰਨ ਕੀ ਹੈ;

**ਅ)** ਕੀ ਉਪਰੋਕਤ ਵਰਣਿਤ ਕੰਮਾਂ ਦੀ ਸੂਚੀ ਤੋਂ ਇਲਾਵਾ ਮਿਉਂਸੀਪਲ ਕੌਂਸਲ ਕੋਲ ਕੋਈ ਹੋਰ ਕੰਮ ਵੀ ਕਰਵਾਉਣ ਦਾ ਅਧਿਕਾਰ ਹੈ;

**ੲ)** ਪਿਛਲੇ ਤਿੰਨ ਸਾਲਾਂ ਅਰਥਾਤ 2019-20, 2020-21, 2021-22 ਦੇ ਦੌਰਾਨ ਮਿਉਂਸੀਪਲ ਕੌਂਸਲ ਸੰਗਰੂਰ ਅਤੇ ਭਵਾਨੀਗੜ੍ਹ ਦੁਆਰਾ ਕੀਤੇ ਕੰਮਾਂ ਦੀ ਸੂਚੀ ਵੇਰਵੇ ਸਹਿਤ ਦਿੱਤੀ ਜਾਵੇ?

## ਕਿਸਾਨਾਂ ਨੂੰ ਘੱਟ ਝਾੜ ਹੋਣ ਕਾਰਣ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ

30. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਇਸ ਸਾਲ ਰੱਬੀ ਮੰਡੀਕਰਣ ਸੀਜ਼ਨ ਦੌਰਾਨ ਸਰਕਾਰੀ ਖਰੀਦ ਏਜੰਸੀਆਂ ਦੁਆਰਾ ਕਿੰਨੀ ਰਕਮ ਦੀ ਕਣਕ ਦੀ ਖਰੀਦ ਕੀਤੀ ਗਈ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਰਕਾਰੀ ਖਰੀਦ ਵਿੱਚ ਕਿੰਨੀ ਕਮੀ ਆਈ;

**ਅ)** ਕੀ ਸਰਕਾਰ ਨੇ ਕਿਸਾਨਾਂ ਦੁਆਰਾ ਅਨਾਜ ਦੇ ਸੁੰਗੜਨ ਅਤੇ ਘੱਟ ਝਾੜ ਕਾਰਣ ਹੋਏ ਨੁਕਸਾਨ ਦੀ ਗਣਨਾ ਲਈ ਕੋਈ ਅਧਿਐਨ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

**ੲ)** ਕੀ ਸਰਕਾਰ ਦੁਆਰਾ ਭਾਗ (ਅ) ਵਿੱਚ ਦਰਸਾਏ ਕਿਸਾਨਾਂ ਨੂੰ ਮੁਆਵਜਾ ਮੁਹੱਈਆ ਕਰਵਾਇਆ ਗਿਆ ਹੈ, ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ;

**ਸ)** ਸਰਕਾਰ ਦੁਆਰਾ ਖੇਤੀਬਾੜੀ ਨੂੰ ਮੌਸਮ ਤਬਦੀਲੀ ਦੇ ਪ੍ਰਭਾਵਾਂ ਅਨੁਕੂਲ ਬਣਾਉਣ ਲਈ ਕਿਹੜੇ ਕਦਮ ਚੁੱਕੇ ਗਏ ਹਨ?

## ਅਰਬੇਨਾਈਜੇਸ਼ਨ ਨੂੰ ਕੰਟਰੋਲ ਕਰਨ ਲਈ ਪਾਲਿਸੀ ਬਣਾਉਣਾ

31. **ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਜ਼ੀਰਕਪੁਰ ਵਿੱਚ ਪਿਛਲੇ ਕੁੱਝ ਸਮਿਆਂ ਵਿੱਚ ਵੱਡੀ ਪੱਧਰ ਤੇ ਹੋਈ ਅਰਬੇਨਾਈਜ਼ੇਸ਼ਨ ਕਾਰਨ ਇਸ ਇਲਾਕੇ ਦੇ ਤਾਪਮਾਨ ਵਿੱਚ ਸਾਲ 2010 ਤੋਂ ਹੁਣ ਤੱਕ ਸਾਲ ਵਾਈਜ਼ ਕਿੰਨਾ ਫਰਕ ਪਿਆ ਹੈ;

**ਅ)** ਇਸ ਅਰਬੇਨਾਈਜ਼ੇਸ਼ਨ ਅਧੀਨ ਸਾਲ 2010 ਤੋਂ ਹੁਣ ਤੱਕ ਕਿੰਨੀਆਂ ਆਥੋਰਾਈਜ਼ਡ ਅਤੇ ਅਨਆਥੋਰਾਈਜ਼ਡ ਕਲੋਨੀਆਂ ਬਣੀਆਂ ਹਨ ਅਤੇ ਇਨ੍ਹਾਂ ਕਲੋਨੀਆਂ ਲਈ ਸਰਕਾਰੀ ਅਪਰੂਵਲ ਦੇਣ ਤੋਂ ਪਹਿਲਾਂ ਸਰਕਾਰ ਵੱਲੋਂ ਕੋਈ ਪਾਲਿਸੀ ਨਿਰਧਾਰਿਤ ਕੀਤੀ ਗਈ ਸੀ;

**ੲ)** ਇਨ੍ਹਾਂ ਕਲੋਨੀਆਂ ਦੇ ਵੱਧਣ ਕਾਰਨ ਟ੍ਰੈਫਿਕ, ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਵਾਸਤੇ ਸਰਕਾਰ ਵੱਲੋਂ ਕੀ ਕਰਾਈਟੇਰੀਆ ਅਪਣਾਇਆ ਗਿਆ ਹੈ;

**ਸ)** ਕੀ ਇਸ ਅਰਬੇਨਾਈਜ਼ੇਸ਼ਨ ਨੂੰ ਰੋਕਣ ਅਤੇ ਗਰੀਨ ਏਰੀਆ ਵਧਾਉਣ ਲਈ ਸਰਕਾਰ ਕੋਈ ਕਾਰਵਾਈ ਕਰੇਗੀ?

## ਹੁਸ਼ਿਆਰਪੁਰ ਦੀ ਲੱਕੜ ਮੰਡੀ ਤੋਂ ਪ੍ਰਾਪਤ ਮਾਰਕੀਟ ਫੀਸ ਅਤੇ ਆਰ.ਡੀ.ਐਫ. ਦੇ ਵੇਰਵੇ

32. **ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲੱਕੜ ਮੰਡੀ ਤੋਂ ਮਿਤੀ 01.01.2010 ਤੋਂ ਹੁਣ ਤੱਕ (ਸਾਲ ਵਾਰ) ਕਿੰਨੀ ਮਾਰਕੀਟ ਫੀਸ ਅਤੇ ਆਰ.ਡੀ.ਐਫ (ਰੂਰਲ ਡਿਵੈਲਪਮੈਂਟ ਫੰਡ) ਪ੍ਰਾਪਤ ਕੀਤਾ ਗਿਆ ਹੈ;

**ਅ)** ਕੀ ਉਪਰੋਕਤ ਦਰਸਾਈ ਮਾਰਕੀਟ ਫੀਸ ਅਤੇ ਆਰ.ਡੀ.ਐਫ. ਨੂੰ ਪਿੰਡਾਂ ਦੇ ਵਿਕਾਸ ਲਈ ਵਰਤਿਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

## ਮੋਹਾਲੀ ਸਥਿਤ ਪੰਜਾਬ ਪਲਿਸ ਖੁਫੀਆ ਵਿੰਗ ਹੈਡਕੁਆਟਰ ਤੇ ਹੋਏ ਗ੍ਰਨੇਡ ਹਮਲੇ ਦੇ ਵੇਰਵੇ

33. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਮੋਹਾਲੀ ਵਿੱਚ ਸਥਿਤ ਪੰਜਾਬ ਪੁਲਿਸ ਖੁਫੀਆ ਵਿੰਗ ਹੈਡਕੁਆਟਰ ਵਿਖੇ ਇਕ rocket propelled ਗ੍ਰਨੇਡ ਦਾਗਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

**ਅ)** ਕੀ ਪੁਲਿਸ ਨੇ ਇਸ ਕੇਸ ਵਿੱਚ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

**ੲ)** ਸਰਕਾਰ ਵੱਲੋਂ ਭੱਵਿਖ ਵਿੱਚ ਅਜਿਹਾ ਹਮਲਾ ਦੁਬਾਰਾ ਨਾ ਵਾਪਰਨ ਨੂੰ ਯਕੀਨੀ ਬਣਾਉਣ ਲਈ ਕਿਹੜੇ ਕਦਮ ਚੁੱਕੇ ਗਏ ਹਨ?

**ਪਰਤੋਂ ਜੀ.....**

**ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਿਖੇ ਅਨੁਸੂਚਿਤ ਜਾਤੀ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ**

34. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਲਈ ਗੁਰੱਪ-ਵਾਰ ਮੰਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ ਅਤੇ ਮੌਜੂਦਾ ਸਮੇਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਰੁੱਪ ਵਾਰ ਗਿਣਤੀ ਕਿੰਨੀ ਹੈ;

ਅ) ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਦੀਆਂ ਖਾਲੀ ਪਈਆਂ ਰਾਖਵੀਆਂ ਅਸਾਮੀਆਂ ਨੂੰ ਭਰੇ ਜਾਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਰੈਗੂਲੇਸ਼ਨ ਆਫ ਫੀਸ ਇਨ ਅਨਏਡਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ ਵਿੱਚ ਸੋਧ ਅਨੁਸਾਰ ਕਾਰਵਾਈ ਕਰਨਾ**

49. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੀ ਸਰਕਾਰ ਵੱਲੋਂ ਰੈਗੂਲੇਸ਼ਨ ਆਫ ਫੀਸ ਇਨ ਅਨਏਡਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ ਵਿੱਚ ਸੋਧ ਕਰਕੇ ਹਰ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਬਣਾਈਆਂ ਗਈਆਂ ਫੀਸ ਰੈਗੂਲੇਸ਼ਨ ਕਮੇਟੀਆਂ ਨੇ ਆਪਣਾ ਕੰਮ-ਕਾਜ ਸ਼ੁਰੂ ਕਰ ਦਿੱਤਾ ਹੈ ਅਤੇ ਕੀ ਫੀਸਾਂ ਸਬੰਧੀ ਪ੍ਰਾਪਤ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੰਤਾ ਗਿਆ ਹੈ; ਇਸ ਸਬੰਧੀ ਜਾਣਕਾਰੀ ਅਤੇ ਅੰਕੜੇ ਸਾਂਝੇ ਕੀਤੇ ਜਾਣ?

**ਗਾਰਬੇਜ਼ ਡੰਪ ਨੂੰ ਹਟਾਉਣਾ**

50. **ਡਾ. ਨੱਛਤਰ ਪਾਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਵਿੱਚ ਪੈਂਦੇ ਮੁਹੱਲਾ ਨਵੀਂ ਅਬਾਦੀ ਮੂਸਾਪੁਰ ਰੋਡ ਤੇ ਸਥਿਤ ਡੰਪ (ਗਾਰਬੇਜ਼ ਡੰਪ) ਨੂੰ ਹਟਾਉਣ ਲਈ ਮਿਊਂਸੀਪਲ ਕਮੇਟੀ ਨਵਾਂਸ਼ਹਿਰ ਵਲੋਂ ਮਤਾ ਪਾਸ ਕੀਤਾ ਜਾ ਚੁੱਕਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਗਾਰਬੇਜ਼ ਡੰਪ ਨੂੰ ਕਦੋਂ ਤੱਕ ਹਟਾ ਦਿੱਤਾ ਜਾਵੇਗਾ?

**ਸਰਕਾਰੀ ਸਕੂਲਾਂ ਵਿੱਚ ਲੋੜਵੰਦ ਬੱਚਿਆ ਨੂੰ ਮੁਫਤ ਕਿਤਾਬਾਂ ਦੇਣਾ**

51. **ਡਾ. ਨੱਛਤਰ ਪਾਲ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਨਵਾਂ ਵਿੱਦਿਅਕ ਵਰ੍ਹਾਂ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰੀ ਸਕੂਲਾਂ ਦੇ ਸਾਰੇ ਲੋੜਵੰਦ ਬੱਚਿਆ ਨੂੰ ਮੁਫਤ ਕਿਤਾਬਾਂ ਮੁਹੱਈਆ ਕਰਵਾ ਦਿੱਤੀਆਂ ਸਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਰੋਪੜ ਵਿੱਚ ਚਲ ਰਹੀ ਰੋਇੰਗ ਅਕੈਡਮੀ ਦੀ ਮੌਜੂਦਾ ਸਥਿਤੀ**

56. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ ਵਿੱਚ ਚਲ ਰਹੀ ਰੋਇੰਗ ਅਕੈਡਮੀ ਨੂੰ ਮੁੜ ਸ਼ੁਰੂ ਕਰਨ ਤੇ ਇਨਫਰਾਸਟਰੱਕਚਰ ਉਪਲੱਬਧ ਕਰਵਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਸਰਕਾਰੀ ਦਫ਼ਤਰਾਂ, ਬੋਰਡਾਂ, ਨਿਗਮਾਂ ਵਿੱਚ ਠੇਕੇ ਤੇ ਕੀਤੀ ਜਾਂਦੀ ਭਰਤੀ ਰੈਗੂਲਰ ਬੇਸ ਤੇ ਕਰਨਾ**

60. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੀ ਆਪਣੇ ਦਫ਼ਤਰਾਂ, ਬੋਰਡਾਂ, ਨਿਗਮਾਂ ਅਤੇ ਟਰੱਸਟਾਂ ਵਿੱਚ ਆਊਟ ਸੋਰਸ, ਐਡਹੋਕ, ਡੇਲੀ ਵੇਜ਼, ਟੈਂਪਰੇਰੀ, ਵਰਕ ਚਾਰਜ਼ ਅਤੇ ਠੇਕੇ ਤੇ ਕੀਤੀ ਜਾਂਦੀ ਭਰਤੀ ਤੇ ਸਥਾਈ ਰੋਕ ਲਗਾਉਣ ਤੇ ਅੱਗੋਂ ਤੋਂ ਦਰਜਾ ਚਾਰ ਅਸਾਮੀਆਂ ਦੀ ਭਰਤੀ ਰੈਗੂਲਰ ਬੇਸ ਤੇ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਚੰਡੀਗੜ੍ਹ
ਮਿਤੀ 21 ਜੂਨ, 2022

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।

22/6/2022

Superintendent
Punjab Vidhan Sabha
Chandigarh